# BUILDING SAFETY CERTIFICATE

ਵਿਸ਼- SAHIBZADA AJIT SINGH ACADEMY DISTT RUPNAGAR (PUNJAB) ਦੀ ਇਮਾਰਤ ਦਾ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ।

SAHIBZADA AJIT SINGH ACADEMY DISTT RUPNAGAR (PUNJAB) ਦੀ ਇਮਾਰਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਮਾਰਤ ਦਾ ਸੁਰੱਖਿਆ ਪ੍ਰਮਾਣ ਪੱਤਰ (Building Safety Certificate) ਮਿਤੀ 31.03.2027 ਤੱਕ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ :-

1) ਨਿਰੀਖਣ ਤੋਂ ਬਾਅਦ ਜੇਕਰ ਸਕੂਲ ਮੁੱਖੀ ਵੱਲੋਂ ਨੱਥੀ ਪਲੈਨ ਵਿੱਚ ਦਰਸਾਈ ਗਈ ਬਿਲਡਿੰਗ ਦੇ ਸਟਰੱਕਚਰ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਕੀਤੀ ਜਾਂਦੀ ਹੈ ਜਾਂ ਨਵੀਂ ਉਸਾਰੀ ਕੀਤੀ ਜਾਂਦੀ ਹੈ ਤਾਂ ਬਿਲਡਿੰਗ ਦਾ ਸੇਫਟੀ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ।

2) ਜੇਕਰ ਕੋਈ ਕੁਦਰਤੀ ਆਫਤ ਕਾਰਨ ਜਾਂ ਕਿਸੇ ਵੀ ਕਾਰਨ ਬਿਲਡਿੰਗ ਨੂੰ ਨੁਕਸਾਨ ਹੁੰਦਾ ਹੈ ਤਾਂ ਵੀ ਸਕੂਲ ਮੁੱਖੀ ਨੂੰ ਤੁਰੰਤ ਇਸ ਦਫਤਰ ਨੂੰ ਸੂਚਿਤ ਕਰਨਾ ਪਵੇਗਾ ਤਾਂ ਜੋ ਬਣਦੀ ਕਾਰਵਾਈ ਕੀਤੀ ਜਾ ਸਕੇ।

3) ਇਸ ਬਿਲਡਿੰਗ ਦਾ ਫਾਇਰ ਸੇਫਟੀ ਸਰਟੀਫਿਕੇਟ, ਪੰਜਾਬ ਫਾਇਰ ਸਰਵਿਸਿਜ਼, ਰੂਪਨਗਰ ਵੱਲੋਂ ਉਹਨਾਂ ਦੇ ਐਨ.ਓ.ਸੀ. ਨੰ. PBIP-(FIRE) 2025-337 ਮਿਤੀ 20.08.2025 ਦੁਆਰਾ ਜਾਰੀ ਕੀਤਾ ਗਿਆ ਹੈ । ਫਾਇਰ ਸੇਫਟੀ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅੱਗ ਬੁਝਾਊ ਯੰਤਰ ਤਸੱਲੀਬਖਸ਼ ਹੋਏ ਚਾਹੀਦੇ ਹਨ ਅਤੇ ਕਰਮਚਾਰੀ ਅੱਗ ਬਝਾਉਣ ਸਬੰਧੀ ਟਰੇਂਡ ਹੋਣੇ ਚਾਹੀਦੇ ਹਨ, ਇਸ ਨੂੰ ਯਕੀਨੀ ਬਣਾਇਆ ਜਾਵੇ।

4) ਉਕਤ ਕਿਸੇ ਵੀ ਹਾਲਤ ਵਿੱਚ ਜਾਂ ਹੋਰ ਕੋਈ ਕੁਦਰਤੀ/ਮਨੁੱਖੀ ਆਫਤਾਂ ਆਉਣ ਦੀ ਸੂਰਤ ਵਿੱਚ ਬਿਲਡਿੰਗ ਦੀ ਤੁਰੰਤ ਰੀ-ਇੰਸਪੈਕਸ਼ਨ ਕਰਾਉਣ ਦੀ ਨਿਰੋਲ ਜ਼ਿੰਮੇਵਾਰੀ ਕੇਵਲ ਬਿਨੈਕਾਰ ਦੀ ਹੋਵੇਗੀ।

5) ਜੇਕਰ ਸਕੂਲ ਵੱਲੋਂ ਸੇਫਟੀ ਨਾਲ ਸਬੰਧਤ ਕਿਸੇ ਵੀ ਸ਼ਰਤ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਇਸ ਵਿਭਾਗ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਰੱਦ ਕਰ ਦਿੱਤਾ ਜਾਵੇਗਾ।

6) ਰੋਡ ਅਸੈੱਸ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਭਵਿੱਖ ਵਿੱਚ ਜੋ ਵੀ ਫੈਸਲਾ ਕੀਤਾ ਜਾਵੇਗਾ, ਉਸਨੂੰ ਇਹ ਸੰਸਥਾ ਮੰਨਣ ਦੀ ਪਾਬੰਦ ਹੋਵੇਗੀ।

7) ਜੇਕਰ ਬਿਲਡਿੰਗ ਉੱਪਰ ਹੋਰ ਮੰਜਿਲ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਉਸ ਬਿਲਡਿੰਗ ਦੀਆਂ ਹੇਠਲੀਆਂ ਮੰਜਿਲਾਂ ਵਿੱਚ ਜਮਾਤਾਂ ਨਾ ਲਗਾਈਆਂ ਜਾਣ।

8) ਇਹ ਸਰਟੀਫਿਕੇਟ ਕਿਸੇ ਵੀ ਲੀਗਲ ਕੇਸਾਂ ਲਈ ਪ੍ਰਮਾਇਤ ਨਹੀਂ ਹੋਵੇਗਾ।

9) ਇਹ ਸਰਟੀਫਿਕੇਟ ਕੇਵਲ Visual Inspection ਦੇ ਆਧਾਰ ਤੇ ਕੇਵਲ Structural Safety ਪੱਖੋਂ ਜਾਰੀ ਕੀਤਾ ਗਿਆ ਹੈ। ਇਸ ਵਿੱਚ ਕੋਈ ਬਿਜਲੀ, ਮਸ਼ੀਨਰੀ, Equipment ਆਦਿ ਬਾਬਤ ਇਸ ਦਫਤਰ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਉਪ ਮੰਡਲ ਇੰਜੀਨੀਅਰ,
ਉਸਾਰੀ ਉਪ ਮੰਡਲ ਨੰ.2 ਲੋ.ਨਿ.ਵਿ. ਭਤੇਮ ਸ਼ਾਖਾ,
ਰੂਪਨਗਰ।

ਕਾਰਜਕਾਰੀ ਇੰਜੀਨੀਅਰ,
ਉਸਾਰੀ ਮੰਡਲ ਲੋ.ਨਿ.ਵਿ. ਭਤੇਮ ਸ਼ਾਖਾ,
ਰੂਪਨਗਰ।